# ਬੂਟ



ਅਰਵਿੰਦਰ ਕੌਰ ਧਾਲੀਵਾਲ
+91 99142-11422

"ਨਹੀਂ ਆਂ ਮੈਂ ਸਾਉ, ਨਹੀਂ ਆਂ......" ਬਿੱਲੀਆਂ ਅੱਖਾਂ ਵਿਚੋਂ ਵਹਿੰਦੇ ਅੱਥਰੂਆਂ ਦੀਆਂ ਛਮਛਮ ਧਾਰਾਂ ਨੂੰ ਨੱਸੇ ਜਾਂਦੇ ਸੀਟੇ ਨੇ ਮੋਢੇ ਨਾਲ ਕਈ ਵਾਰ ਪੂੰਝਿਆ ਸੀ। "ਵੇ ਸਾਉ... ਵੇ ਸਾਉ..." ਮਗਰੋਂ ਪੈਂਦੀਆਂ ਅਵਾਜ਼ਾਂ ਨੂੰ ਅਣਸੁਣਿਆ ਕਰਦਿਆਂ ਉਸ ਨੇ ਅੱਜ ਫਿਰ ਕੱਸੀ ਦੀ ਪੁਲ਼ੀ ਵੱਲ ਸ਼ੂਟ ਵੱਟ ਲਈ ਸੀ। ਇਹ ਪੈਂਡਾ ਤਾਂ ਜਿਵੇਂ ਉਹਦੇ ਪੈਰਾਂ ਨੇ ਮਿਣ ਰੱਖਿਆ ਸੀ। ਪਰ ਵਾਹੋਦਾਹੀ ਭੱਜੇ ਜਾਂਦੇ ਦਾ ਅੱਜ ਜਿਵੇਂ ਸਾਹ ਨਹੀਂ ਸੀ ਰਲ਼ਦਾ। ਮੀਂਹ ਪੈਣ ਮਗਰੋਂ ਲੱਗਾ ਵੱਟ, ਗੁੱਸਾ ਤੇ ਰੋਣਾ, ਇਨ੍ਹਾਂ ਨੇ ਮਿਲ ਕੇ ਉਹਦੀਆਂ ਗੱਲ੍ਹਾਂ 'ਤੇ ਘਰਾਲ਼ਾ ਵਾਹ ਸੁੱਟੀਆਂ ਸਨ। ਮੂੰਹ ਵਿਚੋਂ ਵਗੀਆਂ ਰਾਲ਼ਾਂ ਤੇ ਪਸੀਨੇ ਨੇ ਤਾਂ ਰਹਿੰਦੀ ਕਸਰ ਪੂਰੀ ਕਰ ਦਿੱਤੀ ਸੀ। ਨਵੀਂ ਟੀ ਸ਼ਰਟ ਦਾ ਅਗਲੇ ਪਾਸਿਉਂ ਤਾਂ ਹੁਲੀਆ ਉੱਕਾ ਹੀ ਵਿਗੜ ਗਿਆ ਸੀ। ਪਰ ਅੱਥਰੂ ਸਨ ਕਿ ਜਿਵੇਂ ਕੋਈ ਝਰਨਾ ਫੁੱਟ ਤੁਰਿਆ ਹੋਵੇ, ਰੁਕਣ ਦਾ ਨਾਂ ਨਹੀਂ ਸੀ ਲੈਂਦੇ।

"ਦਾਤੋ... ਘੜਾਤੋ.... ਦਾਤੋ.... ਸੜਾਤੋ....!" ਪੈਰ ਪਟਕਦਿਆਂ ਉਹ ਹਮੇਸ਼ਾ ਵਾਂਗ ਉਸ ਬੁਰਜੀ ਨਾਲ ਢੋਅ ਲਾ ਕੇ ਬੈਠਾ ਕਈ ਚਿਰ ਰੋਂਦਾ ਰਿਹਾ। ਰਤਾ ਕੁ ਸਾਹ ਆਇਆ ਤਾਂ ਸੀਟੇ ਨੂੰ ਮੰਮੀ ਦਾ ਖਿਆਲ ਆਇਆ। ਮੰਮੀ ਨੇ ਤਾਂ ਉਸਨੂੰ ਉਥੋਂ ਭੱਜ ਕੇ ਆਏ ਨੂੰ ਵੇਖਿਆ ਹੀ ਨਹੀਂ ਸੀ। ਸੀਟੇ ਦਾ ਧਿਆਨ ਮੰਮੀ ਤੋਂ ਹੱਟ ਕੇ ਵਿਹੜੇ 'ਚ ਬੈਠੀ ਦਾਤੋ ਬੁੜ੍ਹੀ ਵੱਲ ਚਲਿਆ ਗਿਆ।

"ਡੈਣ ਕਿਸੇ ਥਾਂ ਦੀ..." ਦਾਤੋ ਬੁੜ੍ਹੀ ਕੋਲੋਂ ਕੁਝ ਮਿੰਟ ਪਹਿਲਾਂ ਸੁਣੀਆਂ ਗਾਲ੍ਹਾਂ ਚੇਤੇ ਹੋ ਆਈਆਂ।

"ਮੰਮੀਏ....!" ਹੁਣੇ-ਹੁਣੇ ਹੋਈ ਸ਼ਰਮਿੰਦਗੀ ਯਾਦ ਕਰਕੇ ਉਹਦੀ ਲੇਰ ਨਿਕਲ ਗਈ।

ਸਾਹਮਣੇ ਰੁੱਖਾਂ ਦੀ ਝਿੜੀ ਵਿਚ ਪੰਛੀਆਂ ਦਰਮਿਆਨ ਸਰਗੋਸ਼ੀ ਜਿਹੀ ਹੋਈ। ਕੁਝ ਸਰਸਰਾਹਟ ਕਰਕੇ ਪੱਤੇ ਖ਼ਾਮੋਸ਼ ਹੋ ਗਏ। ਪੰਛੀਆਂ ਨੇ ਜਿਵੇਂ ਆਪਣਾ ਮਿੱਤਰ ਪਛਾਣ ਲਿਆ ਸੀ। ਉਹਨਾਂ ਨੂੰ ਪਤਾ ਸੀ ਕਿ ਇਹ ਬੁਰਜੀ ਸੀਟੇ ਦਾ ਘਰੋਂ ਮਾਰ ਖਾ ਕੇ ਆਉਣ ਜਾਂ ਰੁੱਸ ਕੇ ਆ ਲੁਕਣ ਦਾ ਪੱਕਾ ਟਿਕਾਣਾ ਸੀ। ਬੁਰਜੀ ਵਾਹਵਾ ਚੌੜੀ ਸੀ। ਇਨੀ ਕਿ ਰਾਹ ਵਿਚੋਂ ਲੰਘਦੇ ਜਾਂਦੇ-ਆਉਂਦਿਆਂ ਨੂੰ ਬੁਰਜੀ ਪਿੱਛੇ ਬੈਠਾ ਬੰਦਾ ਦਿਖਾਈ ਨਹੀਂ ਦਿੰਦਾ ਸੀ।

ਸੀਟੇ ਨੇ ਲੱਤਾਂ ਨਿਸਾਲ ਲਈਆਂ।

ਘੜੀ ਕੁ ਪਹਿਲਾਂ ਬਰਫ਼ੀ, ਰਸਗੁੱਲਿਆਂ ਨਾਲ ਭਰੀਆਂ ਵੇਖੀਆਂ ਪਲੇਟਾਂ ਅਤੇ ਉਹਨਾਂ ਵਿਚ ਰੱਖਿਆ ਗਿਆ ਵੱਡਾ ਸਾਰਾ ਗੁਲਾਬੀ ਰੰਗ ਦਾ ਕੇਕ ਅੱਖਾਂ ਸਾਹਮਣੇ ਸਾਕਾਰ

ਹੋਣ ਲੱਗਿਆ। ਇਹ ਸਭ ਖਾਣਾ ਤਾਂ ਕੀ ਅਜੇ ਤਾਂ ਨਜ਼ਰ ਭਰ ਕੇ ਵੇਖਿਆ ਵੀ ਨਹੀਂ ਸੀ। ਸੋਚ ਕੇ ਫਿਰ ਅੱਥਰੂ ਡਲ੍ਹਕ ਆਏ। ਉਹਨੇ ਟੀ-ਸ਼ਰਟ ਦਾ ਢਿੱਡ ਤੋਂ ਸਿਰਾ ਚੁੱਕਿਆ ਤੇ ਉਸ ਨਾਲ ਮੂੰਹ ਪੂੰਝ ਲਿਆ।

ਉਹਦੇ ਪਿੱਛੋਂ ਦੀ ਇੱਕ ਡੱਡੀ ਨੇ ਅੱਗੇ ਛਾਲ ਮਾਰੀ ਤੇ ਦੂਜੀ ਛਾਲ ਵਿਚ ਉਹ ਸੀਟੇ ਦੇ ਪੱਟ 'ਤੇ ਸੀ।

ਕੁਤਕੁਤਾੜੀ ਹੋਈ ਤੇ ਉਹ ਖਿੜਖਿੜਾ ਕੇ ਹੱਸ ਪਿਆ।

ਡੁਬਦੇ ਜਾਂਦੇ ਸੂਰਜ ਦੀ ਲਾਲੀ ਵਿਚ ਸੀਟੇ ਦੀ ਕਿਲਕਾਰੀ ਜਿਵੇਂ ਖਿੱਤੀਆਂ ਤੱਕ ਖਿੱਲਰ ਗਈ। ਨੇੜਲੀ ਟਾਹਲੀ 'ਤੇ ਕਾਟੋ ਅੱਗੇ-ਪਿੱਛੇ ਭੱਜ ਉੱਠੀਆਂ। ਕਿੱਕਰਾਂ 'ਤੇ ਬੈਠੀਆਂ ਲਾਲੀਆਂ ਨੇ ਚੁਗਲ਼ੀ ਜਿਹੀ ਕੀਤੀ। ਤੂਤ ਵਿਚੋਂ ਚਿੜੀਆਂ ਨੇ ਧੌਣਾਂ ਬਾਹਰ ਕੱਢ ਕੇ ਝਾਕਿਆ। ਫਿਰ ਜਿਵੇਂ ਸੀਟੇ ਨੂੰ ਹੱਸਿਆ ਵੇਖ ਉਹ ਸ਼ਾਂਤ ਹੋ ਬੈਠੀਆਂ।

ਸੀਟੇ ਨੂੰ ਲੰਘੇ ਐਤਵਾਰ ਵਾਲੀ ਗੱਲ ਯਾਦ ਹੋ ਆਈ ਸੀ।

ਚਿੱਟੇ ਸੰਗਮਰਮਰ ਨਾਲ ਮੜ੍ਹੇ ਉਹਨਾਂ ਦੇ ਪਿੰਡ ਦੇ ਵੱਡੇ ਗੁਰਦੁਆਰੇ ਹਰ ਐਤਵਾਰ ਵਾਂਗ ਲੰਗਰ ਲੱਗਿਆ ਹੋਇਆ ਸੀ। ਬੰਟੇ ਖੇਡਦੇ ਸੀਟਾ, ਉਹਦਾ ਪੱਕਾ ਆੜੀ ਮੇਜਰ ਤੇ ਤੇਲੀਆਂ ਦਾ ਸੁੱਚਾ ਕੜਾਹ ਖੀਰ ਦੇ ਲਾਲਚ ਨੂੰ ਮਿੱਟੀ ਨਾਲ ਲਿੱਬੜੇ-ਤਿੱਬੜੇ ਹੀ, ਜੇਬਾਂ ਵਿਚ ਬੰਟੇ ਤੁੰਨੀ ਪੰਗਤ ਵਿਚ ਜਾ ਬੈਠੇ ਸਨ। ਬੱਕਰਦਾਹੜੀਏ ਵਰਤਾਵੇ ਨੇ ਦਬਕਾ ਮਾਰ ਕੇ ਪਹਿਲਾਂ ਉਹਨਾਂ ਦੇ ਹੱਥ-ਪੈਰ ਸੁੱਚੇ ਕਰਾਏ ਤੇ ਫਿਰ ਥਾਲੀਆਂ ਨੂੰ ਹੱਥ ਲਾਉਣ ਦਿੱਤਾ। ਉਹ ਰੋਟੀਆਂ ਛੱਡ ਕੇ ਸਿੱਧੇ ਖੀਰ ਕੜਾਹ ਨੂੰ ਟੱਕਰ ਪਏ। ਸੀਟੇ ਨੇ ਜਦੋਂ ਤੀਜੀ ਵਾਰ ਕੜਾਹ ਮੰਗਿਆ ਤਾਂ ਵਰਤਾਵੇ ਨੇ ਨਾਂਹ ਕਰ ਦਿੱਤੀ। ਉਦੋਂ ਮੇਜਰ ਨੇ ਖੀਰ ਮੂੰਹ ਨੂੰ ਲਾਈ ਸੀ ਤੇ ਸੁੱਚਾ ਦਾਲ਼ ਦਵਾਲ਼ੇ ਹੋਇਆ ਸੀ। ਰੁੱਸਿਆ ਸੀਟਾ ਖਾਲੀ ਥਾਲੀ ਅੱਗੇ ਜਿਵੇਂ ਹੜਤਾਲ 'ਤੇ ਬਹਿ ਗਿਆ। ਇਨੇ ਵਿਚ ਪਿਛਲੀ ਪੰਗਤ ਵਿਚ ਡੁੱਲ੍ਹੀ ਦਾਲ਼ ਤੋਂ ਬੱਕਰਦਾਹੜੀਏ ਵਰਤਾਵੇ ਦਾ ਪੈਰ ਤਿਲਕ ਗਿਆ ਤੇ ਉਹ ਖੀਰ ਵਾਲੀ ਬਾਲਟੀ ਸਮੇਤ ਧੜੰਮ ਜਾ ਪਿਆ। ਉਹਨੂੰ ਵੇਖ ਮੂੰਹ ਵੱਟੀ ਬੈਠੇ ਸੀਟੇ ਦਾ ਹਾਸਾ ਛੁੱਟ ਪਿਆ। ਉਹਦੇ ਨੱਕ ਵਿਚੋਂ ਸੀਂਢ ਦਾ ਬੁਲਬੁਲਾ ਨਿਕਲ ਉਹਦੇ ਮੂੰਹ ਉੱਤੇ ਠੁੱਸ ਹੋ ਗਿਆ। ਮੇਜਰ ਨੇ ਮੂੰਹ 'ਚ ਭਰੀ ਖੀਰ ਦਾ ਫੁਰਕੜਾ ਮਾਰਿਆ। ਸੁੱਚੇ ਦੀਆਂ ਨਾਸਾਂ ਥਾਣੀ ਪਾਣੀ ਨਿਕਲ ਗਿਆ। ਤਿਲਕਿਆ ਵਰਤਾਵਾ ਆਪਣੇ ਕੱਪੜੇ ਝਾੜਦਾ ਇਸ ਤਿਕੜੀ ਵੱਲ ਨੱਸ ਉੱਠਿਆ ਸੀ। ਉਹ ਤਿੰਨੇ ਬੰਦੂਕ 'ਚੋਂ ਨਿਕਲੀ ਗੋਲ਼ੀ ਵਾਂਗ ਇੰਜ ਭੱਜ ਉੱਠੇ ਸਨ ਕਿ ਉਹਨਾਂ ਨੰਬਰਦਾਰਾਂ ਦੇ ਗੇਟ ਬਾਹਰਲੇ ਪਿੱਪਲ ਥੱਲੇ ਆ ਕੇ ਸਾਹ ਲਿਆ ਸੀ। ਇੱਥੇ ਵੀ ਢਿੱਡ ਫੜ ਕੇ ਇੰਨਾ ਹੱਸੇ ਸਨ ਕਿ ਉਹਨਾਂ ਦੀਆਂ ਵਰਾਛਾਂ ਦੁਖਣ ਲੱਗੀਆਂ ਸਨ।

ਉਸ ਰਾਤ ਸੀਟੇ ਨੇ ਨਿੰਦੋ ਦੇ ਗਲ ਬਾਹਵਾਂ ਪਾ ਕੇ ਪੁੱਛਿਆ ਸੀ "ਮੰਮੀ! ਦੱਸ ਖਾਂ! ਓ ਵੈਹਗਰੂ ਨੂੰ ਭਲਾ ਕੜਾਹ ਦਾ ਸਵਾਦ ਪਤਾ ਈ?" ਤੇ ਉਹਦੀ ਮੰਮੀ ਕਈ ਚਿਰ ਖਲਾਅ ਵਿਚ ਝਾਕੀ ਗਈ ਸੀ।

ਅਗਲੇ ਦਿਨ ਤਿੰਨਾਂ ਦੋਸਤਾਂ ਨੇ ਸਕੂਲੋਂ ਆਉਂਦਿਆਂ ਰਾਹ ਵਿਚ ਇਹ ਫ਼ੈਸਲਾ ਕੀਤਾ ਸੀ ਕਿ ਆਉਂਦੇ ਐਤਵਾਰ ਉਹ ਗੁਰਦੁਆਰੇ ਨਹੀਂ ਜਾਣਗੇ। ਪੰਡਤਾਂ ਦੇ ਮੁੰਡੇ ਨੇ ਦੱਸਿਆ ਸੀ ਕਿ ਐਸ ਸ਼ਨੀਵਾਰ ਪੰਡਤ ਹੁਰਾਂ ਨੇ ਭੰਡਾਰਾ ਲਾਉਣਾ ਸੀ ਤੇ ਨਾਲੇ ਜਾਗਰਣ ਵੀ ਕਰਨਾ ਸੀ। ਹਲਵਾਈ ਇਸ ਭੰਡਾਰੇ ਵਿਚ ਪੂੜੀਆਂ, ਛੋਲੇ, ਕੜਾਹ, ਪਕੌੜੇ ਤੇ ਹੋਰ ਕਈ ਕੁਝ ਬਣਾਇਆ ਕਰਦੇ ਸਨ।

ਸੀਟੇ ਨੂੰ ਲੰਘੀ ਸ਼ਿਵਰਾਤਰੀ ਦਾ ਚੇਤਾ ਹੋ ਆਇਆ। ਉਸ ਦਿਨ ਸ਼ੌਂਕੀ ਚਾਚਾ ਵੀ ਆਇਆ ਹੋਇਆ ਸੀ। ਸੀਟੇ ਨੇ ਭੰਡਾਰੇ 'ਚੋਂ ਪਕੌੜੇ ਲਿਆਂਦੇ ਸਨ ਜੋ ਉਹਨੇ ਤੇ ਉਹਦੀ ਮੰਮੀ... ਦੋਹਾਂ ਨੇ ਰੱਜ-ਰੱਜ ਖਾਧੇ ਸਨ। ਚਾਚਾ ਦੱਸਦਾ ਸੀ ਕਿ ਸੀਟਾ ਤੇ ਉਹਦੀ ਮੰਮੀ ਅਗਲੀ ਦੁਪਹਿਰ ਤੱਕ ਕਮਲਿਆਂ ਵਾਗੂੰ ਕਦੀ ਹੱਸਣ ਲੱਗ ਪੈਂਦੇ ਤੇ ਕਦੇ ਰੋਣ ਲੱਗ ਜਾਂਦੇ। ਸ਼ੌਂਕੀ ਚਾਚੇ ਨੇ ਖੱਟੀ ਲੱਸੀ ਪਿਆ-ਪਿਆ ਕੇ ਮਸਾਂ ਉਨ੍ਹਾਂ ਦੀ ਸੁਰਤ ਮੋੜ ਕੇ ਲਿਆਂਦੀ ਸੀ।

"ਚਵਾਰਾ ਚਾਚਾ...." ਸੀਟੇ ਦੇ ਦਿਲ ਵਿਚ ਚਾਚੇ ਲਈ ਲਾਡ ਭਰ ਆਇਆ।

ਸ਼ੌਂਕੀ ਸੀਟੇ ਦੇ ਡੈਡੀ ਦੀ ਮਾਸੀ ਦਾ ਪੁੱਤ ਸੀ। ਉਹ ਆਪਣੇ ਬਣਾਏ ਮਿੱਟੀ ਦੇ ਭਾਂਡੇ ਆਪਣੀਆਂ ਚਹੁੰਆਂ ਖੋਤੀਆਂ 'ਤੇ ਲੱਦ ਕੇ ਸ਼ਹਿਰ ਵੇਚਣ ਜਾਇਆ ਕਰਦਾ ਸੀ। ਕਦੇ-ਕਦੇ ਜਾਂਦੀ ਵਾਰ ਜਾਂ ਕਦੇ ਆਉਂਦੀ ਵਾਰੀ ਉਹ ਸੀਟੇ ਹੁਰਾਂ ਕੋਲ ਕੁਝ ਚਿਰ ਠਹਿਰ ਜਾਂਦਾ। ਜਿਸ ਨਾਲ ਸੀਟੇ ਨੂੰ ਉਹਨਾਂ ਦਾ ਨਿੱਕਾ ਜਿਹਾ ਕਮਰਾ ਕੁਝ ਭਰਿਆ-ਭਰਿਆ ਲੱਗਦਾ। ਚਾਚੇ ਦੇ ਆਉਣ ਕਰਕੇ ਮੰਮੀ ਵੀ ਆਪਣੇ ਸਿਰ 'ਤੇ ਹਰ ਵੇਲ਼ੇ ਬੰਨ੍ਹੀ ਰੱਖਿਆ ਲੀੜਾ ਲਾਹ ਸੁੱਟਦੀ। ਉਦੋਂ ਉਹ ਸਾਫ਼-ਸੁਥਰੀ ਤੇ ਸੋਹਣੀ ਬਣ ਜਾਂਦੀ। ਅੱਖਾਂ ਵਿਚ ਸੁਰਮਾ ਪਾਉਂਦੀ। ਉਹਦਾ ਸਿਰ ਵੀ ਦੁਖਣੋਂ ਹੱਟ ਜਾਂਦਾ। ਚਾਚੇ ਦੇ ਆਇਆਂ ਜਿਵੇਂ ਸੀਟੇ ਹੁਰਾਂ ਦੀ ਨੀਰਸ ਜ਼ਿੰਦਗੀ ਵਿਚ ਰੌਣਕ ਆ ਜਾਂਦੀ। ਉਦੋਂ ਉਹਨੂੰ ਆਪਣੇ ਬਾਪ ਦੀ ਕਮੀ ਮਹਿਸੂਸ ਨਾ ਹੁੰਦੀ। ਸੀਟੇ ਦੇ ਡੈਡੀ ਬਾਰੇ ਉਹਦੀ ਮੰਮੀ ਦੱਸਦੀ ਸੀ ਕਿ ਉਹ ਤਾਂ ਸੀਟੇ ਦੇ ਜੰਮਣ ਤੋਂ ਪਹਿਲਾਂ ਹੀ ਇੱਕ ਦਿਨ ਐਸਾ ਘਰੋਂ ਗਿਆ ਸੀ ਕਿ ਅਜੇ ਤੱਕ ਵਾਪਸ ਨਹੀਂ ਸੀ ਮੁੜਿਆ।

"ਚਾਚਾ ! ਤੂੰ ਸਾਡੇ ਕੋਲ਼ ਹੀ ਪੱਕਾ ਰਹੁ ਖਾਂ...." ਲਾਡ ਨਾਲ ਚਾਚੇ ਦੀ ਕਨ੍ਹਾੜੀ ਚੜ੍ਹੇ ਸੀਟੇ ਨੇ ਚਾਮ੍ਹਲ ਕੇ ਕਿਹਾ ਸੀ।

"ਓ ਜਾਰ! ਬੱਸ ਹੋਰ ਖੜੋ ਜਾ ਥੋੜ੍ਹਾ ਚਿਰ....ਆਪਾਂ ਦੋ ਹੋਰ ਗੱਡੀਆਂ ਪਾ ਲੈਣੀਆਂ ਇਸ ਸਾਲ.... ਫਿਰ ਆਪਣਾ ਕੰਮ ਵਾਹਵਾ ਲੋਟ ਆ ਜੂ..... ਵੱਡੀ ਟਰਾਂਹਪੋਟ

ਹੋ ਜਾਣੀ ਆਪਣੀ....ਫਿਰ ਰਹੂੰ ਮੈਂ ਪੱਕਾ...!" ਸੀਟੇ ਨੂੰ ਪਤਾ ਸੀ ਕਿ ਚਾਚਾ ਇਹ ਲਾਰਾ ਉਹਨੂੰ ਕਈ ਚਿਰਾਂ ਤੋਂ ਲਾ ਰਿਹਾ ਸੀ ਪਰ ਫਿਰ ਵੀ ਚਾਚੇ ਦੇ ਆਉਣ ਦੀ ਉਹਨੂੰ ਹਮੇਸ਼ਾ ਉਡੀਕ ਰਹਿੰਦੀ ਸੀ।

ਚਾਚੇ ਤੋਂ ਹੱਟ ਕੇ ਉਹਦਾ ਧਿਆਨ ਲਾਗੇ ਬੁੜ੍ਹਕਦੀ ਡੱਡੀ ਵੱਲ ਚਲਾ ਗਿਆ। ਉਹ ਸੀਟੇ ਦੀਆਂ ਲੱਤਾਂ 'ਤੇ ਉੱਛਲ ਰਹੀ ਸੀ। ਉਹਨੇ ਪੱਟ 'ਤੇ ਚੜ੍ਹੀ ਡੱਡੀ 'ਤੇ ਹੱਥ ਰੱਖ ਕੇ ਬੋਘੀ ਬਣਾ ਲਈ। ਉਹ ਉਹਦੀ ਹਥੇਲੀ ਅੰਦਰ ਬੁੜ੍ਹਕਣ ਲੱਗੀ। ਸੀਟੇ ਨੂੰ ਮਜ਼ਾ ਆਉਣ ਲੱਗਿਆ।

ਉਹਨੂੰ ਯਾਦ ਆਇਆ ਕਿ ਕਿਰਨ ਦੇ ਘਰ ਸਾਰੇ ਉਹਦੇ ਜਨਮਦਿਨ ਦੀ ਪਾਰਟੀ ਵਿਚ ਰੁੱਝੇ ਹੋਣਗੇ। ਡੱਡੀ ਛੱਡ ਕੇ ਧਿਆਨ ਕਿਰਨ ਵੱਲ ਚਲਿਆ ਗਿਆ। ਜਿਸ ਦੇ ਜਨਮਦਿਨ ਲਈ ਅੱਜ ਉਹ ਉਚੇਚਾ ਤਿਆਰ ਹੋ ਕੇ ਗਿਆ ਸੀ। ਉਹਦੇ ਤੇ ਕਿਰਨ ਵਿਚ ਬੇਸ਼ੱਕ ਮੇਲ਼ ਕੋਈ ਨਹੀਂ ਸੀ ਪਰ ਸਾਂਝ ਜ਼ਰੂਰ ਸੀ। ਨਾਲੇ ਉਹ ਵੀ ਤਾਂ ਸੀਟੇ ਵਾਂਗੂੰ ਚੌਥੀ ਵਿਚ ਹੀ ਪੜ੍ਹਦੀ ਸੀ।

ਸੀਟੇ ਹੁਰੀਂ ਕਿਰਨ ਹੁਰਾਂ ਦੀ ਕੋਠੀ ਪਿੱਛੇ ਬਣੀ ਹਵੇਲੀ ਵਿਚ ਨੁੱਕਰੇ ਬਣੇ ਇੱਕ ਕਮਰੇ ਵਿਚ ਰਹਿੰਦੇ ਸਨ। ਦੋ ਹਿੱਸਿਆਂ ਵਿਚ ਵੰਡੇ ਇਸ ਵਿਹੜੇ ਦੇ ਸਾਹਮਣੇ ਬੰਨੇ ਡੰਗਰਾਂ ਦੀ ਛਤੌਤ ਸੀ। ਸੀਟੇ ਹੁਰਾਂ ਵਾਲੇ ਬੰਨੇ ਸੰਦ ਤੇ ਦਾਣੇ ਸਾਂਭਣ ਵਾਲੇ ਵਰਾਂਡੇ। ਕੋਠੀ ਦਾ ਗੇਟ ਵੱਡੀ ਸੜਕ ਵੱਲ ਖੁੱਲ੍ਹਦਾ ਤੇ ਸੀਟੇ ਹੁਰਾਂ ਵਾਲਾ ਪਿੰਡ ਵੱਲ। ਵਿਚਕਾਰਲਾ ਗੇਟ ਸਵੇਰੇ ਸ਼ਾਮ ਡੰਗਰ ਚੋਣ ਵੇਲੇ ਖੁੱਲ੍ਹਦਾ। ਉਦੋਂ ਕਿਰਨ ਤੇ ਸੀਟਾ ਬੁੱਘੇ ਨਾਲ ਰਲ਼ ਕੇ ਖੇਡਦੇ। ਬੁੱਘੇ ਨੂੰ ਕਿਰਨ ਦੇ ਬਾਪੂ ਜੀ ਨੇ ਕਿਰਨ ਦੀ ਜ਼ਿੱਦ 'ਤੇ ਹੀ ਹਵੇਲੀ ਰਹਿਣ ਦਿੱਤਾ ਸੀ ਨਹੀਂ ਤਾਂ ਉਹ ਕਟਰੂ ਨਹੀਂ ਸੀ ਰੱਖਦੇ ਹੁੰਦੇ। ਕਿਰਨ ਤੇ ਸੀਟਾ ਬੁੱਘੇ ਨਾਲ ਖੇਡਦੇ ਤਾਂ ਜ਼ਰੂਰ ਸਨ ਪਰ ਬੁੱਘੇ ਦੇ ਪੱਠੇ-ਦੱਥੇ ਦੀ ਜ਼ਿੰਮੇਵਾਰੀ ਕਿਰਨ ਦੇ ਬਾਪੂ ਜੀ ਨੇ ਸੀਟੇ ਨੂੰ ਦੇ ਰੱਖੀ ਸੀ। ਉਹ ਆਪ ਭਾਵੇਂ ਨਹਾਉਂਦਾ ਧੋਂਦਾ ਨਾ ਪਰ ਬੁੱਘੇ ਨੂੰ ਨਿਯਮ ਨਾਲ ਨਵ੍ਹਾਉਂਦਾ। ਦਾਣਾ-ਫੱਕਾ ਪਾਉਂਦਾ। ਨਿੰਦੋ ਦੀ ਜ਼ਿੰਮੇਵਾਰੀ ਡੰਗਰਾਂ ਦਾ ਗੋਹਾ ਪੱਥਣ ਦੀ ਸੀ। ਉਹ ਸਾਰਾ ਦਿਨ ਕੋਠੀ ਵਿਚ ਕੰਮ ਵੀ ਕਰਾਉਂਦੀ। ਜਿਸ ਦੇ ਬਦਲੇ ਉਹਨੂੰ ਸਿਰ ਲੁਕਾਉਣ ਲਈ ਛੱਤ ਤੇ ਦੋਂਹ ਵੇਲ਼ਿਆਂ ਦੀ ਰੋਟੀ ਦਾ ਭਰਵਾਸਾ ਰਹਿੰਦਾ।

ਸੀਟੇ ਨੂੰ ਬੁੱਘਾ ਯਾਦ ਹੋ ਆਇਆ।

"ਚਵਾਰਾ ਬੁੱਘਾ!" ਉਸ ਨੇ ਅੱਜ ਉਹਨੂੰ ਖੋਲ੍ਹ ਕੇ ਬਾਹਰ ਵੀ ਨਹੀਂ ਸੀ ਬੰਨ੍ਹਿਆ। ਕਿਰਨ ਦੇ ਜਨਮ ਦਿਨ ਦੀ ਪਾਰਟੀ ਨੇ ਉਸਨੂੰ ਪਾਣੀ ਡਹਾਉਣਾ ਵੀ ਵਿਸਾਰ ਛੱਡਿਆ ਸੀ। ਸੀਟੇ ਨੂੰ ਯਾਦ ਆਇਆ ਕਿ ਕਿਰਨ ਦਾ ਬਾਪੂ ਜੀ ਕਿੱਡਾ ਚੰਗਾ ਤੇ ਬੁੜ੍ਹੀ ਕਿੰਨੀ ਭੈੜੀ ਸੀ।

"ਦਾਤੋ... ਘੜਾਤੋ.....!" ਬਾਪੂ ਠੀਕ ਕਹਿੰਦਾ ਸੀ ਕਿ ਇਹਦੀ ਜ਼ਬਾਨ ਦਾਤ ਤੋਂ ਵੀ ਤਿੱਖੀ ਏ ਜਿਹੜੀ ਸਵੇਰੇ ਸ਼ਾਮ ਵੱਢ-ਟੁੱਕ ਕਰਦੀ ਰਹਿੰਦੀ ਏ।

ਬਾਪੂ ਮੁਤਾਬਕ ਤੜਕੇ ਉਠਦੀ ਬੁੜ੍ਹੀ ਦੀ ਜ਼ਬਾਨ ਵੀ ਤੜਕੇ ਹੀ ਚੱਲਣ ਲੱਗ ਪੈਂਦੀ।

"ਮਰ ਵੇ ਖ਼ਸਮਾਂ.....ਮਰ ਵੇ-ਮਰ ਵੇ ਖ਼ਸਮਾ....ਮਰ ਵੇ" ਬੁੜ-ਬੁੜ ਕਰਦੀ ਬੁੜ੍ਹੀ ਇਸ਼ਨਾਨ ਪਾਣੀ ਕਰਦੀ ਕਲਾਣ ਕਰਨ ਲੱਗ ਜਾਂਦੀ। ਉਂਜ ਉਹਨੇ ਟੈਲੀਵਿਜ਼ਨ 'ਚੋਂ "ਮੰਨ ਵੇ ਖ਼ਸਮਾਂ ਮੰਨ ਵੇ" ਸ਼ਬਦ ਸੁਣ ਕੇ ਯਾਦ ਕੀਤਾ ਹੋਇਆ ਸੀ।

ਦਾਤੋ ਬੁੜ੍ਹੀ ਵੱਲ ਧਿਆਨ ਜਾਂਦਿਆਂ ਹੀ ਸੀਟੇ ਦਾ ਜਿਵੇਂ ਮੂੰਹ ਕੌੜਾ ਹੋ ਗਿਆ। ਉਹਨੇ ਪਾਸੇ ਵੱਲ ਥੁੱਕਿਆ। ਫਿਰ ਉਹਦੀ ਨਜ਼ਰ ਪੈਰਾਂ ਵੱਲ ਗਈ। ਭੱਜੇ ਆਉਂਦੇ ਦੀਆਂ ਲੱਤਾਂ ਤੇ ਪੈਰ ਘੱਟੇ ਨਾਲ ਭਰੇ ਪਏ ਸਨ। ਚਿੱਟੇ ਬੂਟ ਰੰਗੋਂ-ਬੇਰੰਗ ਹੋ ਗਏ ਸਨ। ਨਿੱਕਰ ਤੱਕ ਲੱਤਾਂ ਧੂੜ ਨਾਲ ਭਰੀਆਂ ਸਨ। ਉਹਨੇ ਪਹਿਲਾਂ ਸੱਜਾ ਤੇ ਫਿਰ ਖੱਬਾ ਬੂਟ ਲਾਹ ਕੇ ਆਪਣੇ ਸਾਹਮਣੇ ਰੱਖ ਲਏ ਤੇ ਚੌਂਕੜੀ ਮਾਰ ਕੇ ਬੈਠ ਗਿਆ।

"ਇਹੀ ਪੁਆੜੇ ਦੀ ਜੜ੍ਹ ਨੇ....." ਉਹਨੇ ਆਪਣੇ ਪੈਰਾਂ ਦੇ ਥੱਲੇ ਵੇਖਿਆ। ਪਾਤਲੀਆਂ ਦੀਆਂ ਲਕੀਰਾਂ ਵਿਚ ਧੂੜ ਜੰਮੀ ਹੋਈ ਸੀ। ਬਿਆਈਆਂ ਪਾਟੀਆਂ ਹੋਈਆ ਸਨ।

'ਇਹਨਾਂ ਪੈਰਾਂ ਨੇ ਉਹਨੂੰ ਬੜੀ ਵਾਰ ਕੁੱਟ ਪਵਾਈ ਸੀ' ਇਹ ਖਿਆਲ ਉਸ ਨੂੰ ਸਿਆਲ਼ ਵਿਚ ਸਕੂਲੋਂ ਮਿਲਣ ਵਾਲੀ ਵਰਦੀ ਵੱਲ ਲੈ ਗਿਆ। ਚੜ੍ਹਦੇ ਸਿਆਲ਼ ਕਈ ਵਾਰ ਮਿਲਣ ਵਾਲੇ ਬੂਟ ਉਹ ਸਾਰੀ ਠੰਢ ਘਰ-ਬਾਹਰ ਪਾ ਕੇ ਹੰਢਾ ਸੁੱਟਦਾ ਤੇ ਫਿਰ ਉਵੇਂ ਦਾ ਉਵੇਂ ਹੀ ਨੰਗੇ ਪੈਰੀਂ ਹੁੰਦਾ। ਕਈ ਵਾਰ ਚਪਲਾਂ ਜਿਥੇ ਖੇਡਦਾ ਹੁੰਦਾ ਉੱਥੇ ਹੀ ਛੱਡ ਆਉਂਦਾ। ਫਿਰ ਕਈ ਦਿਨ ਉਵੇਂ ਹੀ ਤੁਰਿਆ ਫਿਰਦਾ। ਇਸ ਲਾਪਰਵਾਹੀ ਕਰਕੇ ਕਈ ਵਾਰ ਤੌਣ ਵੀ ਲੱਗਦੀ ਪਰ ਪਰਨਾਲਾ ਉੱਥੇ ਦਾ ਉੱਥੇ।

ਉਹਨੂੰ ਮਨਰਾਜ ਦਾ ਖ਼ਿਆਲ ਆਇਆ ਕਿ ਸਿਰਫ਼ ਉਸਨੇ ਹੀ ਹੁਣੇ-ਹੁਣੇ ਉਸ ਨੂੰ ਭੱਜੇ ਜਾਂਦੇ ਨੂੰ ਪਿੱਛੋਂ ਅਵਾਜ਼ਾਂ ਦਿੱਤੀਆਂ ਸਨ।

ਮਨਰਾਜ ਕਿਰਨ ਦੀ ਚਾਚੀ ਹੈ ਜੋ ਸਾਲ ਕੁ ਪਹਿਲਾਂ ਵਿਆਹੀ ਆਈ ਹੈ। ਸੀਟੇ ਨੂੰ ਉਹ ਬੜੀ ਚੰਗੀ ਲੱਗਦੀ। ਬਿਲਕੁਲ ਕਿਰਨ ਹੁਰਾਂ ਦੇ ਟੈਲੀਵਿਜ਼ਨ ਵਿਚ ਆਉਂਦੀ ਸਾਬਣ ਦੀ ਮਸ਼ਹੂਰੀ ਵਾਲੀ ਕੁੜੀ ਵਰਗੀ।

'ਮੰਮੀ ਮੈਂ ਵੱਡਾ ਹੋ ਕੇ ਮਨਰਾਜ ਨਾਲ ਵਿਆਹ ਕਰਉਂਗਾ!' ਜਦੋਂ ਨਿੰਦੋ ਦੇ ਢਿੱਡ ਤੇ ਲੱਤਾਂ ਨਿਸਾਲ ਕੇ ਪਏ ਸੀਟੇ ਨੇ ਇਹ ਕਿਹਾ ਸੀ ਤਾਂ ਉਹ ਤਮ੍ਹਕ ਕੇ ਪਈ ਸੀ "ਖਲੋ ਚਉਰਿਆ! ਤੇਰਾ ਕਰਾਂ ਵਿਆਹ! ਖਲੋ ਜਰੀ ਕੁ!"

ਫਿਰ ਮੰਮੀ ਹੱਸਦੀ ਰਹੀ ਸੀ।

ਅੱਜ ਉਸਨੇ ਮਨਰਾਜ ਦਾ ਉਚੇਚਾ ਬਜ਼ਾਰੋਂ ਲਿਆ ਕੇ ਦਿੱਤਾ ਸੂਟ ਪਾਇਆ ਸੀ। 'ਇਹਨੂੰ ਗੰਦਾ ਨਾ ਕਰੀ ਸਾਉ' ਦੇਣ ਲੱਗਿਆਂ ਉਹਨੇ ਸੀਟੇ ਦੀ ਗੱਲ੍ਹ ਪੁੱਟੀ ਸੀ। ਹੀਰੋਇਨਾਂ ਵਰਗੀ ਲੱਗਦੀ ਮਨਰਾਜ ਨੂੰ ਵੇਖ ਕੇ ਸੀਟੇ ਦਾ ਦਿਲ ਕੀਤਾ ਸੀ ਕਿ ਉਹ ਵੱਡਾ ਤੇ ਤਾਕਤਵਰ ਹੀਰੋ ਹੋਵੇ ਤੇ ਮਨਰਾਜ ਦੇ ਘਰਵਾਲੇ ਨੂੰ ਘਸੁੰਨ ਫੇਰ-ਫੇਰ ਕੇ ਮਨਰਾਜ ਨੂੰ ਉਹਦੇ ਤੋਂ ਜਿੱਤ ਲਵੇ। "ਡਿਸ਼ੂੰਮ"...! ਘਸੁੰਨ ਵੱਟ ਕੇ ਜਦੋਂ ਸੱਜੀ ਬਾਂਹ ਹਵਾ ਵਿਚ ਲਹਿਰਾਈ ਤਾਂ ਬੋਲ ਉਹਦੇ ਮੂੰਹੋਂ ਨਿਕਲਿਆ।

ਸੀਟੇ ਤੇ ਕਿਰਨ ਨੂੰ ਮਨਰਾਜ ਚੰਗੀ ਲੱਗਦੀ ਸੀ। ਮਨਰਾਜ ਉਹਨਾਂ ਦੋਹਾਂ ਨੂੰ ਇਕੱਠੇ ਖੇਡਦੇ ਵੇਖ ਕੇ ਮਨ੍ਹਾਂ ਨਾ ਕਰਦੀ ਜਦ ਕਿ ਕਿਰਨ ਹੁਰਾਂ ਦੀ ਦਾਦੀ ਨੂੰ ਕਿਰਨ ਦਾ ਸੀਟੇ ਨਾਲ ਖੇਡਣਾ ਫੁੱਟੀ ਅੱਖ ਨਾ ਭਾਉਂਦਾ। ਉਹ ਆਨੀ-ਬਹਾਨੀ ਕਿਰਨ ਨੂੰ ਘਰ ਵੱਲ ਸੱਦ ਭੇਜਦੀ। ਬੁੜ੍ਹੀ ਨੂੰ ਤਾਂ ਸ਼ੌਂਕੀ ਚਾਚੇ ਦਾ ਆਉਣਾ ਵੀ ਚੰਗਾ ਨਹੀਂ ਲੱਗਦਾ ਸੀ ਪਰ ਬਾਪੂ ਜੀ ਕਦੇ ਕੁਝ ਨਹੀਂ ਸੀ ਕਹਿੰਦਾ।

ਜਿਸ ਦਿਨ ਮਨਰਾਜ ਦੀ ਡੋਲ਼ੀ ਆਈ ਸੀ, ਕਿਰਨ ਦੇ ਬਾਪੂ ਹੁਰਾਂ ਨੇ ਕਿੰਨਾ ਭਾਨ ਡੋਲ਼ੀ ਤੋਂ ਦੀ ਸੁੱਟਿਆ ਸੀ। ਡੋਲ਼ੀਉਂ ਉਤਰਦੀ ਮਨਰਾਜ ਦੀ ਨਜ਼ਰ ਥੱਲਿਉਂ ਚੋਰ ਅੱਖੇ ਪੈਸੇ ਚੁੱਕਦੇ ਸੀਟੇ ਨਾਲ ਟਕਰਾਈ ਤਾਂ ਉਹਨੇ ਸੈਨਤ ਨਾਲ ਮਿੱਠਾ ਜਿਹਾ ਘੂਰਿਆ ਸੀ। ਉਸ ਤੋਂ ਬਾਦ ਸੀਟਾਂ ਚੋਰ-ਅੱਖੇ ਹੀ ਮਨਰਾਜ ਨੂੰ ਵੇਖਦਾ। ਛੇਆਂ ਮਹੀਨਿਆਂ ਬਾਦ ਜਦੋਂ ਕਿਰਨ ਦਾ ਬਾਪੂ ਜੀ ਬੜਾ ਬਿਮਾਰ ਸੀ.... ਸੀਟਾ ਮਨਰਾਜ ਨਾਲ ਬੋਲਣ ਲੱਗਿਆ ਸੀ।

"ਚਵਾਰਾ ਬਾਪੂ ਜੀ"! ਸੀਟੇ ਨੂੰ ਯਾਦ ਆਇਆ ਕਿ ਜਦੋਂ ਡਾਕਟਰ ਆਖਦੇ ਸਨ ਕਿ ਬਾਪੂ ਜੀ ਬੱਚਦਾ ਨਹੀਂ, ਉਦੋਂ ਕਿਰਨ ਦਾ ਵੱਡਾ ਭਰਾ ਗਗਨ ਉਹਨਾਂ ਦੇ ਕਮਰੇ ਦੇ ਬਾਹਰ ਬੈਠਾ ਮੋਬਾਇਲ 'ਤੇ ਗੇਮ ਖੇਡਦਾ ਸੀ। ਅੰਦਰ ਬਾਪੂ ਜੀ ਮਰ ਰਿਹਾ ਸੀ ਤੇ ਬਾਹਰ ਗਗਨ ਰਾਖਸ਼ਾਂ ਨੂੰ ਮਾਰ ਰਿਹਾ ਸੀ। ਉਸ ਰਾਤ ਸੀਟੇ ਨੇ ਆਪਣੀ ਮੰਮੀ ਨੂੰ ਕਿਹਾ ਸੀ "ਮੰਮੀ! ਜੇ ਮੇਰਾ ਡੈਡੀ ਇੰਜ ਮਰਨੇ ਪਿਆ ਹੁੰਦਾ ਮੈਂ ਗਗਨ ਵਾਂਗੂੰ ਕਦੀ ਨਾ ਕਰਦਾ!"

ਉਸਨੇ ਸਹਿਜ ਸੁਭਾ ਹੀ ਪੁੱਛ ਲਿਆ ਸੀ, "ਮੰਮੀਏ! ਇਹ ਸ਼ੌਂਕੀ ਚਾਚਾ ਕਦੋਂ ਮਰੂਗਾ ?"

ਨਿੰਦੋ ਸੀਟੇ ਦੇ ਮੂੰਹ ਵੱਲ ਵੇਖਦੀ ਰਹਿ ਗਈ ਸੀ। ਫਿਰ ਉਹਨੇ ਉਸ ਨੂੰ ਬੁੱਕਲ਼ ਵਿਚ ਘੁੱਟ ਲਿਆ ਸੀ।

ਭਾਦਰੋਂ ਦਾ ਅੱਧ ਟੱਪ ਗਿਆ ਸੀ। ਅੱਜ ਵੀ ਕੁਝ ਚਿਰ ਪਹਿਲਾਂ ਛਰ੍ਹਾਟਾ ਲਹਿ ਕੇ ਹਟਿਆ ਸੀ। ਹੁੰਮਸ ਵੱਧ ਰਿਹਾ ਸੀ। ਕੱਸੀ ਵੀ ਕੁਝ ਪਾਣੀ ਨਾਲ ਭਰ ਗਈ ਸੀ। ਫਿਰ

ਛਿੱਟਾਂ ਲਹਿਣ ਲੱਗੀਆਂ ਤਾਂ ਸੀਟਾ ਉੱਠ ਕੇ ਰੁੱਖ ਥੱਲੇ ਹੋ ਗਿਆ। ਉਹਦਾ ਜੇਬ ਵਿਚ ਹੱਥ ਗਿਆ। ਉਹਨੂੰ ਸਿੱਲ੍ਹਾ-ਸਿੱਲ੍ਹਾ ਲੱਗਿਆ। ਉਹ ਤਾਂ ਅੱਜ ਕਿਰਨ ਲਈ ਜਨਮਦਿਨ ਦਾ ਤੋਹਫ਼ਾ ਵੀ ਲਿਆਇਆ ਸੀ। ਉਸਨੇ ਟੈਲੀਵਿਜ਼ਨ ਵਿਚ ਵੇਖਿਆ ਹੋਇਆ ਸੀ। ਸਕੂਲੋਂ ਮੁੜਦਿਆਂ ਅੱਜ ਉਹ ਛੱਪੜ ਦੇ ਡੂੰਘੇ ਥਾਂ ਜਾ ਵੜਿਆ ਸੀ। ਕੰਵਲ ਫੁੱਲ ਤਾਂ ਉਹਦੇ ਹੱਥ ਆ ਗਿਆ ਪਰ ਪੈਰ ਚਿੱਕੜ ਵਿਚ ਖੁੱਭ ਗਏ। "ਅੱਜ ਤਾਂ ਜਾਹ ਜਾਂਦੀ ਹੋ ਜਾਣੀ ਸੀ" ਲੰਘਦੇ ਰਾਹੀਆਂ ਦੀ ਮਦਦ ਨਾਲ ਮੇਜਰ ਜਦੋਂ ਉਹਨੂੰ ਧੂਹ ਦੇ ਬਾਹਰ ਕੱਢ ਲਿਆਇਆ ਤਾਂ ਇੱਕ ਜਾਣੂ ਰਾਹੀ ਬੋਲਿਆ ਸੀ।

ਜਾਨ 'ਤੇ ਖੇਡ ਕੇ ਲਿਆਂਦਾ ਫੁੱਲ ਜਦੋਂ ਜੇਬ ਵਿਚੋਂ ਬਾਹਰ ਕੱਢਿਆ ਤਾਂ ਮੁਰਝਾਏ ਫੁੱਲ ਦੇ ਸਿਰ ਸੁੱਟ ਲਿਆ। ਸੀਟਾ ਮਨ ਮਸੋਸ ਕੇ ਰਹਿ ਗਿਆ।

ਉਹਨੂੰ ਖ਼ਿਆਲ ਆਇਆ ਕਿ ਜੇ ਦਾਤੋ ਬੁੜ੍ਹੀ ਨਾਲ ਉਹਦਾ ਤਕਰਾਰ ਨਾ ਹੋਇਆ ਹੁੰਦਾ ਤਾਂ ਉਹਨੇ ਇਹ ਫੁੱਲ ਸੱਜਰਾ ਹੀ ਕਿਰਨ ਨੂੰ ਭੇਟ ਕਰਨਾ ਸੀ। ਉਹਦਾ ਜੀਅ ਕੀਤਾ ਕਿ ਉਹ ਉਦਾਂ ਹੀ ਪੱਥਰ ਚੁੱਕ ਕੇ ਬੁੜ੍ਹੀ ਦੇ ਵਗਾਹ ਮਾਰੇ ਜਿਵੇਂ ਇੱਕ ਵਾਰੀ ਕਿਸੇ ਨਿਆਣੇ ਦੇ ਬੰਟਿਆਂ ਦੀ ਖੇਡ ਵਿਚ ਰੋਂਦ ਮਾਰਨ 'ਤੇ ਉਸ ਨੇ ਵਗ੍ਹਾਤਾ ਮਾਰਿਆ ਸੀ। ਉਸ ਨੂੰ ਉਹਦੇ ਮੱਥੇ ਤੋਂ ਵਗੀ ਲਹੂ ਦੀ ਤਤੀਰੀ ਯਾਦ ਹੋ ਆਈ। ਮਗਰੋਂ ਉਲ੍ਹਾਮਾ ਮਿਲਣ 'ਤੇ ਨਿੰਦੋ ਵਲੋਂ ਉਸ ਦੀ ਲਾਹੀ ਗਈ ਛੋਈ ਚੇਤੇ ਕਰ ਧੁੜਧੁੜੀ ਆ ਗਈ। ਉਸ ਨੇ ਪੱਥਰ ਚੁੱਕ ਕੇ ਕੱਸੀ ਵਿਚ ਵਗਾਹ ਮਾਰਿਆ।

ਪਾਣੀ ਵਿਚੋਂ ਲਹਿਰਾਂ ਉੱਠ ਕੇ ਬਾਹਰ ਵੱਲ ਅਲੋਪ ਹੋ ਗਈਆਂ। "ਵੇ ਸੀਟਿਆ! ਵੇ ਉਰੇ ਆ ਖਾਂ....." ਅੰਦਰ ਲੰਘਦੇ ਸੀਟੇ ਨੂੰ ਦਾਤੋ ਬੁੜ੍ਹੀ ਨੇ ਐਨਕਾਂ ਉਤੋਂ ਦੀ ਵਿਹੰਦਿਆਂ ਟੋਕਿਆ ਸੀ। ਆਸ-ਪਾਸ ਬੈਠੇ-ਖਲੋਤੇ ਕਈ ਪ੍ਰਾਹੁਣਿਆਂ ਦਾ ਧਿਆਨ ਬੁੜ੍ਹੀ ਦੀ ਗੱਲ ਵੱਲ ਹੋ ਗਿਆ ਸੀ।

"ਵੇ ਹਾਅ ਤੂੰ ਲੀੜੇ ਕੀਹਦੇ ਪਾਏ ਈ..... ਵੇ ਹਾਅ ਜਿਹੜੇ ਬੂਟੇ ਕੱਸੀ ਫਿਰਦਾਂ...... ਵੇ ਖਲੋ ਖਾਂ ਜਰਾ... .... ਵੇ ਹਾਅ ਤੇ ਸਾਡੇ ਗਗਨ ਦੇ ਨਹੀਉਂ..... ਵੇ ਮੁੰਡਾ ਤਾਂ ਲੱਭ-ਲੱਭ ਕਈ ਦਿਨ ਹਾਰ ਹੋ ਗਿਆ। ਵੇ ਤੂੰ ਕਿਹੜੇ ਵੇਲੇ ਚੁੱਕ ਕੇ ਲੈ ਗਿਉਂ.... ਵੇ ਚਉਰਿਆ! ਤੂੰ ਹੁਣ ਹਾਅ ਵੀ ਲੱਲ੍ਹ ਫੜ ਲਏ ਵੇ......।" ਬੁੜ੍ਹੀ ਬੋਲੀ ਜਾ ਰਹੀ ਸੀ। ਸੀਟੇ ਨੂੰ ਕੁਝ ਵੀ ਸੁਣਾਈ ਨਹੀਂ ਦੇ ਰਿਹਾ ਸੀ। ਉਸ ਨੇ ਆਪਣੇ ਪਿੰਡੇ 'ਤੇ ਬਹੁਤ ਸਾਰੀਆਂ ਅੱਖਾਂ ਗੱਡੀਆਂ ਵੇਖੀਆਂ ਸਨ। ਉਹਨੂੰ ਉਹ ਨਜ਼ਰਾਂ ਛਿਲਤਾਂ ਵਾਂਗਰ ਪਿੱਠ ਵਿਚ ਖੁੱਭਦੀਆਂ ਮਹਿਸੂਸ ਹੋਈਆਂ ਸਨ।

ਸੀਟੇ ਨੇ ਬੱਸ ਚੌਂਕੇ ਵੱਲ ਵੇਖਿਆ ਸੀ। ਉਥੇ ਨਿੰਦੋ ਨਹੀਂ ਸੀ ਦਿੱਸੀ। "ਨੀ ਨਿੰਦੀਏ! ਨੀ ਤੇਰਾ ਮੁੰਡਾ ਚੋਰੀਆਂ ਕਰਨ ਡਹਿ ਪਿਆ ਨੀ... .....!" ਸੀਟੇ ਨੂੰ ਇਸ ਤੋਂ ਅੱਗੇ ਨਾ ਕੁਝ ਵਿਖਿਆ ਨਾ ਸੁਣਿਆ।

"ਨਹੀਂ ਆ ਮੈਂ ਚੋਰ..... ਕੋਈ ਚੋਰੀ ਨਹੀ ਕੀਤੀ ਮੈਂ... ...." ਚੀਕਾਂ ਮਾਰਦਾ ਉਹ ਸਨਤੋੜ ਕੱਸੀ ਵੱਲ ਨੱਸ ਉੱਠਿਆ। ਪਿੱਛੋਂ ਉਸ ਨੂੰ ਮਨਰਾਜ ਦੀਆਂ ਇੱਕ-ਦੋ ਅਵਾਜ਼ਾਂ ਸੁਣਾਈ ਦਿੱਤੀਆਂ ਸਨ।

ਗਗਨ ਦੇ ਪੈਰੀਂ ਨਿੱਕੇ ਹੋ ਗਏ ਬਾਹਰੋਂ ਆਏ ਬੂਟ ਸਾਲ ਕੁ ਪਹਿਲਾਂ ਗਗਨ ਦੀ ਮੰਮੀ ਨੇ ਬੁੜ੍ਹੀ ਤੋਂ ਉਹਲੇ ਜਿਹੇ ਨਿੰਦੀ ਨੂੰ ਸੀਟੇ ਲਈ ਫੜਾਏ ਸਨ। ਸੀਟੇ ਨੇ ਅੱਜ ਸਾਲ ਬਾਦ ਨਵੇਂ ਕੱਪੜਿਆਂ ਨਾਲ ਉਹ ਬੂਟ ਵੀ ਪੈਰੀਂ ਪਾ ਲਏ ਸਨ।

ਸੀਟੇ ਨੇ ਬੂਟਾਂ ਦੇ ਜੋੜੇ ਵੱਲ ਵੇਖਿਆ। ਉਹਦੀਆਂ ਅੱਖਾਂ ਵਿਚ ਅਜਬ ਜਿਹੀ ਲਿਸ਼ਕ ਉੱਭਰੀ। ਉਹਨੇ ਇੱਕ ਬੂਟ ਚੁੱਕਿਆ ਤੇ ਕੱਸੀ ਦੇ ਪਾਣੀ ਵਿਚ ਪੂਰੇ ਜ਼ੋਰ ਨਾਲ ਵਗ੍ਹਾਤਾ ਸੁੱਟਿਆ। ਦੂਜਾ ਬੂਟ ਵੀ ਉਸ ਨੇ ਉਸੇ ਥਾਂ ਨਿਸ਼ਾਨਾ ਸਾਧ ਕੇ ਸੁੱਟਿਆ। ਬੂਟ ਡੁਬਕੂੰ-ਡੁਬਕੂੰ ਕਰਦੇ ਰੁੜਨ ਲੱਗੇ। ਰੁੜ੍ਹਦੇ-ਡੁੱਬਦੇ ਬੂਟ ਵੇਖ ਕੇ ਜਿਵੇਂ ਉਹਦੀ ਰੂਹ ਨੂੰ ਖੇੜਾ ਈ ਆ ਗਿਆ। ਸ਼ਾਮ ਢਲ ਚਲੀ ਸੀ। ਉਸ ਨੂੰ ਭੁੱਖੇ-ਤਿਹਾਏ ਬੁੱਘੇ ਦਾ ਖ਼ਿਆਲ ਆਇਆ। ਕੱਸੀ ਦੀ ਖੱਬੀ ਵੱਖੀ ਦੇ ਸਰਕੰਡੇ ਮਗਰਲੇ ਬੂਝਿਆਂ ਵਿਚੋਂ ਟਟਹਿਣਿਆਂ ਦਾ ਝੁੰਡ ਉੱਡਿਆ ਤੇ ਪਿੰਡ ਵੱਲ ਨੂੰ ਹੋ ਗਿਆ। ਸੀਟਾ ਕੱਪੜੇ ਝਾੜਦਾ ਉਸ ਚਾਨਣ ਦੀ ਲੀਕ ਪਿੱਛੇ ਭੱਜ ਪਿਆ।